ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:),
ਪੰਜਾਬ।
ਮੀਮੋ ਨੰ: 3/3-2013 ਵਜੀਫਾ(6)
ਮਿਤੀ: 24-10-2017

ਵਿਸ਼ਾ:- 55-ਅਵਾਰਡ ਟੂ ਐਸ.ਸੀ ਸਪੋਰਟਸ ਸਕੀਮ(6ਵੀਂ ਤੋਂ 12ਵੀਂ ਜਮਾਤ) ਨੂੰ ਇਨਾਮ ਦੇਣ ਦੀ ਸਕੀਮ ਸਾਲ 2017-18 ਦੀ ਤਜਵੀਜ ਭੇਜਣ ਬਾਰੇ।

ਹਵਾਲਾ:- ਇਸ ਦਫਤਰ ਦੇ ਪੱਤਰ ਨੰ: 3/3-2013 ਵਜੀਫਾ(6) ਮਿਤੀ .10-08-2017 ਅਤੇ ਮਿਤੀ 11-10-2017 ਸਬੰਧੀ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਇਸ ਸਕੀਮ ਸਬੰਧੀ ਤਜਵੀਜ ਪਹਿਲਾਂ ਮਿਤੀ 30-09-2017 ਤੱਕ ਅਤੇ ਇਸ ਤੋਂ ਬਾਅਦ 25-10-2017 ਨੂੰ ਭੇਜਣ ਲਈ ਲਿਖਿਆ ਗਿਆ ਸੀ, ਪਰ ਅਜੇ ਤੱਕ ਕਿਸੇ ਵੀ ਜਿਲ੍ਹੇ ਵੱਲੋਂ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ ਹੈ। ਜਿਨ੍ਹਾਂ ਜਿਲ੍ਹਿਆਂ ਵੱਲੋਂ ਸੂਚਨਾ ਪ੍ਰਾਪਤ ਹੋਈ ਹੈ, ਉਹ ਵੀ ਗਲਤ ਹੈ। ਇਸ ਸਬੰਧੀ ਭਲਾਈ ਵਿਭਾਗ, ਐਸ.ਸੀ/ਬੀ.ਸੀ, ਪੰਜਾਬ, ਚੰਡੀਗੜ੍ਹ ਵੱਲੋਂ ਵੀ ਪੱਤਰ ਪ੍ਰਾਪਤ ਹੋਇਆ ਹੈ, ਜਿਸ ਅਨੁਸਾਰ ਤਜਵੀਜ ਜਲਦ ਤੋਂ ਜਲਦ ਭੇਜਣ ਲਈ ਕਿਹਾ ਗਿਆ ਹੈ।

ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਸਕੀਮ ਅਧੀਨ ਤਜਵੀਜ ਮਿਤੀ 06-11-2017 ਤੋਂ ਪਹਿਲਾਂ ਪਹਿਲਾਂ ਹਰ ਹਾਲਤ ਵਿੱਚ ਭੇਜੀ ਜਾਵੇ ਅਤੇ ਸਕੀਮ ਨੂੰ ਭੇਜਦੇ ਸਮੇਂ ਡੀਲਿੰਗ ਸਹਾਇਕ ਵੱਲੋਂ ਫੋਨ ਰਾਹੀਂ ਇਸ ਦਫਤਰ ਦੇ ਡੀਲਿੰਗ ਸਹਾਇਕ ਰਵੀ ਸਿੰਗਲਾ, ਫੋਨ ਨੰਬਰ 9855491427 ਤੇ ਵੀ ਸੂਚਿਤ ਕੀਤਾ ਜਾਵੇ, ਕਿਉਂਜੋ ਸਕੀਮ ਹਰ ਸਾਲ ਦੀ ਤਰ੍ਹਾਂ ਬਾਰ ਬਾਰ ਗਲਤ ਭੇਜੀ ਜਾ ਰਹੀ ਹੈ ਅਤੇ ਇਸ ਨੂੰ ਠੀਕ ਕਰਵਾਉਣ ਲਈ ਆਪ ਦੇ ਦਫਤਰ ਦੇ ਡੀਲਿੰਗ ਨਾਲ ਸੰਪਰਕ ਕਰਨ ਵਿੱਚ ਮੁਸ਼ਕਿਲ ਆਉਂਦੀ ਹੈ। ਮਿੱਥੀ ਮਿਤੀ ਤੋਂ ਬਾਅਦ ਸੂਚਨਾ ਨਹੀਂ ਲਈ ਜਾਵੇਗੀ, ਜਿਸ ਦੀ ਨਿਰੋਲ ਜਿੰਮੇਵਾਰੀ ਆਪ ਦੀ ਨਿੱਜੀ ਹੋਵੇਗੀ। ਵੇਖਣ ਵਿੱਚ ਆਇਆ ਹੈ ਕਿ ਕੁਝ ਸਕੂਲਾਂ ਵੱਲੋਂ ਤਜਵੀਜ ਸਿੱਧੇ ਹੀ ਇਸ ਦਫਤਰ ਨੂੰ ਭੇਜੀ ਜਾ ਰਹੀ ਹੈ। ਆਪ ਆਪਣੇ ਅਧੀਨ ਆਉਂਦੇ ਸਕੂਲਾਂ ਨੂੰ ਵਿਸ਼ੇਸ਼ ਹਦਾਇਤ ਰਾਹੀਂ ਉਨਾਂ ਤੋਂ ਸੂਚਨਾ ਇਕੱਤਰ ਕਰਕੇ ਕੰਸੋਲੀਡੇਟ ਰੂਪ ਵਿੱਚ ਮਿੱਥੀ ਮਿਤੀ ਤੋਂ ਪਹਿਲਾਂ ਪਹਿਲਾਂ ਭੇਜਣੀ ਯਕੀਨੀ ਬਣਾਈ ਜਾਵੇ। ਤਜਵੀਜ ਪਹਿਲਾਂ ਭੇਜੀਆਂ ਗਈਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਭੇਜੀ ਜਾਵੇ।

[signature] 24/10/17
ਵਿਸ਼ੇਸ਼ ਕਾਰਜ ਅਫਸਰ(ਵਜੀਫਾ)

ਪਿੱਠ ਅੰਕਣ ਨੰ: ਉਕਤ ਮਿਤੀ: ਉਕਤ

ਉਕਤ ਦਾ ਉਤਾਰਾ ਸਮੂਹ ਮੰਡਲ ਸਿੱਖਿਆ ਅਫਸਰ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਜਿਲ੍ਹਿਆਂ ਨੂੰ ਸਮੇਂ ਸਿਰ ਸੂਚਨਾ ਭੇਜਣ ਦੀ ਹਦਾਇਤ ਕੀਤੀ ਜਾਵੇ।

[signature] 24/10/17
ਵਿਸ਼ੇਸ਼ ਕਾਰਜ ਅਫਸਰ(ਵਜੀਫਾ)

ਉਤਾਰਾ ਸਮੂਹ ਮੁੱਖੀਆਂ ਨੂੰ ਭੇਜ ਕੇ ਲਿਖਿਆ
ਜਾਂਦਾ ਹੈ ਕਿ ਸੂਚਨਾ ਅੱਜ ਤੁਰੰਤ ਭੇਜੀ ਜਾਵੇ ਜੀ
ਨੋਟ:- ਪੱਤਰ ਪੰਜ ਦਿਨ ਪੁਰਾਣਾ।

[signature]
ADO

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:),ਪੰਜਾਬ , ਐਸ.ਏ.ਐਸ ਨਗਰ।
ਚੌਥੀ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ।
(ਵਜੀਫਾ ਸਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:),

ਪੰਜਾਬ।

ਮੀਮੋ ਨੰ: 3/3-2013 ਵਜੀਫਾ(6)

ਮਿਤੀ: 11-10-2017

ਵਿਸ਼ਾ:- 55-ਅਵਾਰਡ ਟੂ ਐਸ.ਸੀ ਸਪੋਰਟਸ ਸਕੀਮ(6ਵੀਂ ਤੋਂ 12ਵੀਂ ਜਮਾਤ) ਨੂੰ ਇਨਾਮ ਦੇਣ ਦੀ ਸਕੀਮ ਸਾਲ 2017-18 ਦੀ ਤਜਵੀਜ ਭੇਜਣ ਬਾਰੇ।

ਹਵਾਲਾ:- ਇਸ ਦਫਤਰ ਦੇ ਪੱਤਰ ਨੰ: 3/3-2013 ਵਜੀਫਾ(6) ਮਿਤੀ 10-08-2017 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਇਸ ਸਕੀਮ ਸਬੰਧੀ ਤਜਵੀਜ ਮਿਤੀ 30-09-2017 ਤੱਕ ਭੇਜਣ ਲਈ ਲਿਖਿਆ ਗਿਆ ਸੀ, ਪਰ ਅਜੇ ਤੱਕ ਆਪ ਵੱਲੋਂ ਇਸ ਸਬੰਧੀ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ, ਹੁਣ ਇਹ ਸੂਚਨਾ ਮਿਤੀ 25-10-2017 ਤੱਕ ਇਸ ਦਫਤਰ ਨੂੰ ਭੇਜੀ ਜਾਵੇ। ਸੂਚਨਾ ਭੇਜਣ ਸਮੇਂ ਹਵਾਲਾ ਅਧੀਨ ਪੱਤਰ ਰਾਹੀਂ ਭੇਜੀਆਂ ਗਈਆਂ ਹਦਾਇਤਾਂ ਨੂੰ ਵਿਸ਼ੇਸ਼ ਤੌਰ ਤੇ ਧਿਆਨ ਵਿੱਚ ਰੱਖਿਆ ਜਾਵੇ।

ਵਿਸ਼ੇਸ਼ ਕਾਰਜ ਅਫਸਰ(ਵਜੀਫਾ)

ਪਿੱਠ ਅੰਕਣ ਨੰ: ਉਕਤ ਮਿਤੀ: ਉਕਤ

ਉਕਤ ਦਾ ਉਤਾਰਾ ਸਮੂਹ ਮੰਡਲ ਸਿੱਖਿਆ ਅਫਸਰ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਜਿਲ੍ਹਿਆਂ ਨੂੰ ਸਮੇਂ ਸਿਰ ਸੂਚਨਾ ਭੇਜਣ ਦੀ ਹਦਾਇਤ ਕੀਤੀ ਜਾਵੇ।

ਵਿਸ਼ੇਸ਼ ਕਾਰਜ ਅਫਸਰ(ਵਜੀਫਾ)